# ਆਪਣੇ ਬੱਚੇ ਨਾਲ ਪੜ੍ਹਨਾ

## 0-12 ਮਹੀਨੇ

Bookstart
BookTrust



booktrust.org.uk

BookTrust
Inspire a love of reading

# ਇਕੱਠੇ ਕਿਤਾਬਾਂ ਦਾ ਅਨੰਦ ਮਾਣਨਾ ਸ਼ੁਰੂ ਕਰਨਾ ਕਦੇ ਵੀ ਬਹੁਤ ਜਲਦੀ ਨਹੀਂ ਹੁੰਦਾ ਹੈ।

ਛੋਟੀ ਉਮਰ ਤੋਂ ਹੀ ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣਾ ਉਹਨਾਂ ਨੂੰ ਜ਼ਿੰਦਗੀ ਵਿਚ ਸੰਭਵ ਸਭ ਤੋਂ ਵਧੀਆ ਸ਼ੁਰੂਆਤ ਕਰਨ ਵਿਚ ਮਦਦ ਕਰਦਾ ਹੈ।

## ਹੈਲੋ ਮਾਤਾ, ਪਿਤਾ ਅਤੇ ਦੇਖਭਾਲ ਕਰਨ ਵਾਲਿਓ!

ਅਸੀਂ ਮੰਨਦੇ ਹਾਂ ਕਿ ਸਕੂਲ ਲਈ ਤਿਆਰ ਹੋਣ ਲਈ ਆਪਣੇ ਬੱਚੇ ਨਾਲ ਪੜ੍ਹਨਾ, ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ।

ਇਹ ਕਿਤਾਬਚਾ ਤੁਹਾਨੂੰ ਆਪਣੇ ਬੱਚੇ ਨਾਲ ਪੜ੍ਹਨ ਦੇ ਸੰਬੰਧ ਵਿੱਚ ਸਾਡੇ ਕੇਵਲ ਕੁਝ ਮਨਪਸੰਦ ਸੁਝਾਅ ਦਿੰਦਾ ਹੈ – ਸਾਡੇ ਨਾਲ ਆਨਲਾਈਨ ਵੀ ਜੁੜੋ, ਅਤੇ ਕਹਾਣੀਆਂ, ਕਿਤਾਬਾਂ ਅਤੇ ਕਵਿਤਾਵਾਂ ਨੂੰ ਸਾਂਝੇ ਕਰਨ ਦੇ ਜਾਦੂ ਬਾਰੇ ਹੋਰ ਜਾਣੋ।






www.bookstart.org.uk/have-some-fun

# ਤੁਹਾਨੂੰ ਹਰ ਰੋਜ਼ ਇਕੱਠੇ ਕਿਤਾਬਾਂ ਦਾ ਅਨੰਦ ਮਾਨਣ ਵਿੱਚ ਸਹਾਇਤਾ ਕਰਨ ਲਈ ਸੁਝਾਅ

- ਸ਼ੋਰ, ਟੈਲੀਵਿਜ਼ਨ ਅਤੇ ਮੋਬਾਈਲ ਫੋਨਾਂ ਤੋਂ ਦੂਰ ਕੋਈ ਸ਼ਾਂਤ ਜਗ੍ਹਾਂ ਲੱਭੋ।
- ਤਸਵੀਰਾਂ ਨੂੰ ਦੇਖਣ ਅਤੇ ਉਹਨਾਂ ਬਾਰੇ ਗੱਲ ਕਰਨ ਲਈ ਸਮਾਂ ਲਓ।
- ਇਸ ਨਾਲ ਕੋਈ ਫਰਕ ਨਹੀਂ ਪੈਂਦਾ ਜੇਕਰ ਤੁਹਾਡਾ ਬੱਚਾ ਸ਼ੁਰੂਆਤ ਵਿੱਚ ਕਿਤਾਬਾਂ ਨੂੰ ਚੱਬਦਾ ਹੈ। ਜਲਦ ਹੀ ਉਹ ਪੰਨਿਆਂ ਨੂੰ ਪਲਟਣ ਲਈ ਤੁਹਾਡੀ ਮਦਦ ਕਰਨ ਵਿੱਚ ਅਨੰਦ ਮਾਣਨਗੇ!



- ਜਾਨਵਰਾਂ ਦੀਆਂ ਆਵਾਜ਼ਾਂ ਜਾਂ ਧੁਨੀ ਪ੍ਰਭਾਵਾਂ ਦੀ ਵਰਤੋਂ ਕਰੋ – ਇਹ ਕਹਾਣੀ ਵਿੱਚ ਜਾਨ ਪਾਉਣ ਅਤੇ ਤੁਹਾਨੂੰ ਦੋਵਾਂ ਨੂੰ ਹਸਾਉਣ ਵਿੱਚ ਮਦਦ ਕਰਦੇ ਹਨ!

- ਕਹਾਣੀਆਂ ਅਤੇ ਕਵਿਤਾਵਾਂ ਨੂੰ ਪੂਰੇ ਪਰਿਵਾਰ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਇਸ ਲਈ ਕਿਉਂ ਨਾ ਭੈਣ-ਭਰਾਵਾਂ ਜਾਂ ਹੋਰ ਪਰਿਵਾਰਕ ਮੈਂਬਰਾਂ ਨੂੰ ਸ਼ਾਮਲ ਹੋਣ ਲਈ ਸੱਦੇ ਦਿੱਤਾ ਜਾਵੇ?

- ਜੇਕਰ ਤੁਸੀਂ ਆਪਣੇ ਆਪ ਵਿੱਚ ਇੱਕ ਬਹੁਤ ਵਧੀਆ ਪਾਠਕ ਨਹੀਂ ਹੋ, ਤਾਂ ਇਹ ਚਿੰਤਾ ਵਾਲੀ ਗੱਲ ਨਹੀਂ ਹੈ ਕਿਉਂਕਿ ਸਿਰਫ਼ ਤੁਹਾਡੀ ਆਵਾਜ਼ ਨੂੰ ਸੁਣਨਾ ਤੁਹਾਡੇ ਬੱਚੇ ਲਈ ਸੁਖਦਾਇਕ ਹੈ।



ਇਸ ਕਵਿਤਾ ਨੂੰ ਆਪਣੇ ਬੱਚੇ ਨਾਲ ਗਾਉਂਦੇ ਹੋਏ ਮਜ਼ਾ ਲਓ:

ਟਵਿੰਕਲ, ਟਵਿੰਕਲ, ਲਿਟਲ ਸਟਾਰ,
ਹਾਓ ਆਈ ਵੰਡਰ ਵਟ ਯੂ ਆਰ!
ਅਪ ਅਬਵ ਦਿ ਵਰਲਡ ਸੋ ਹਾਈ,
ਲਾਈਕ ਏ ਡਾਇਮੰਡ ਇਨ ਦਿ ਸਕਾਈ!
ਟਵਿੰਕਲ, ਟਵਿੰਕਲ, ਲਿਟਲ ਸਟਾਰ,
ਹਾਓ ਆਈ ਵੰਡਰ ਵਟ ਯੂ ਆਰ!

Twinkle, twinkle, little star,
How I wonder what you are!
Up above the world so high,
Like a diamond in the sky!
Twinkle, twinkle, little star,
How I wonder what you are!





- ਟਵਿੰਕਲ, ਟਵਿੰਕਲ ਸੌਣ ਦੇ ਸਮੇਂ ਲਈ ਇੱਕ ਸੰਪੂਰਨ ਕਵਿਤਾ ਹੈ – ਕਿਉਂ ਨਾ ਰਾਤ ਨੂੰ ਇਕੱਠੇ ਅਕਾਸ਼ ਵੱਲ ਵੇਖਿਆ ਜਾਵੇ।
- ਆਪਣੇ ਹੱਥਾਂ ਨਾਲ ਸਿਤਾਰੇ ਬਣਾਓ – ਸਿਤਾਰੇ ਨੂੰ ਚਮਕਦਾ ਹੋਇਆ ਦਿਖਾਉਣ ਲਈ ਆਪਣੇ ਹੱਥ ਨੂੰ ਖੋਲ੍ਹੋ ਅਤੇ ਬੰਦ ਕਰੋ।
- ਹਰ ਰੋਜ਼ ਕਵਿਤਾਵਾਂ ਸਾਂਝੀਆਂ ਕਰਨਾ, ਭਾਵੇਂ ਕੁਝ ਮਿੰਟਾਂ ਲਈ ਹੀ, ਤੁਹਾਡੇ ਬੱਚੇ ਨੂੰ ਇੱਕ ਪਾਠਕ ਬਣਨ ਵਿੱਚ ਵੀ ਮਦਦ ਕਰ ਸਕਦਾ ਹੈ।

# ਆਪਣੇ ਬੱਚੇ ਨਾਲ ਪੜ੍ਹਨਾ ਕਿਉਂ ਮਹੱਤਵਪੂਰਨ ਹੈ

- ਇੱਕਠੇ ਪੜ੍ਹਨਾ ਆਪਣੇ ਬੱਚੇ ਨਾਲ ਸੰਬੰਧ ਬਣਾਉਣ ਅਤੇ ਇੱਕ ਮਜ਼ਬੂਤ ਅਤੇ ਪਿਆਰ ਭਰਿਆ ਰਿਸ਼ਤਾ ਬਣਾਉਣ ਲਈ ਬਹੁਤ ਵਧੀਆ ਹੈ।

- ਕਹਾਣੀਆਂ ਅਤੇ ਕਵਿਤਾਵਾਂ ਨੂੰ ਸਾਂਝਾ ਕਰਨ ਦਾ ਰੋਜ਼ਾਨਾ ਤੁਹਾਡੇ ਬੱਚੇ ਨੂੰ ਗੱਲ-ਬਾਤ ਕਰਨ ਵਿੱਚ ਮਦਦ ਕਰੇਗਾ ਅਤੇ ਉਹਨਾਂ ਦੀ ਤੰਦਰੁਸਤੀ ਦਾ ਸਮਰਥਨ ਕਰੇਗਾ।

- ਜਿੰਨ੍ਹਾਂ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਪੜ੍ਹ ਕੇ ਸੁਣਾਇਆ ਜਾਂਦਾ ਹੈ ਉਹ ਸਕੂਲ ਜਾਣ ਸਮੇਂ ਜ਼ਿਆਦਾ ਬਿਹਤਰ ਕਰਦੇ ਹਨ - ਇੱਕਠੇ ਕਵਿਤਾਵਾਂ ਅਤੇ ਕਹਾਣੀਆਂ ਸਿੱਖਣ ਨਾਲ ਉਹਨਾਂ ਨੂੰ ਜ਼ਿੰਦਗੀ ਵਿੱਚ ਇੱਕ ਵਧੀਆ ਸ਼ੁਰੂਆਤ ਮਿਲੇਗੀ!



# ਜ਼ਿਆਦਾ ਦੀ ਭਾਲ ਕਰ ਰਹੇ ਹੋ?

- ਆਪਣੀ ਸਥਾਨਕ ਲਾਈਬ੍ਰੇਰੀ ਵਿੱਚ ਜਾਓ ਜਿੱਥੇ ਤੁਸੀ ਮੁਫ਼ਤ ਵਿੱਚ ਕਿਤਾਬਾਂ ਲੈ ਸਕਦੇ ਹੋ। ਦੇਖੋ ਕਿ ਕੀ ਉਹ ਇੱਕ ਰ੍ਹਾਈਮਟਾਈਮ ਜਾਂ ਸਟੋਰੀਟਾਈਮ ਸੈਸ਼ਨ ਚਲਾਉਂਦੇ ਹਨ ਜਿੱਥੇ ਤੁਸੀ ਹੋਰ ਪਰਿਵਾਰਾਂ ਨੂੰ ਮਿਲ ਸਕਦੇ ਹੋ ਅਤੇ ਇਕੱਠੇ ਕਵਿਤਾਵਾਂ ਦਾ ਆਨੰਦ ਮਾਣ ਸਕਦੇ ਹੋ!
- ਆਪਣੇ ਡਾਕਟਰ ਤੋਂ ਯੁਕਤੀਆਂ ਲਈ ਪੁੱਛੋ ਕਿ ਤੁਸੀਂ ਇਕੱਠੇ ਕਿਤਾਬਾਂ ਸਾਂਝੀਆਂ ਕਰ ਕੇ ਆਪਣੇ ਬੱਚੇ ਦੇ ਵਿਕਾਸ ਦਾ ਸਮਰਥਨ ਕਿਵੇਂ ਕਰ ਸਕਦੇ ਹੋ।
- ਬੁੱਕ ਟਰੱਸਟ ਦੇ ਨਾਲ ਆਨਲਾਈਨ ਬਹੁਤ ਵਧੀਆ ਕਿਤਾਬਾਂ ਲੱਭੋ! ਸਾਡੀ ਵੈਬਸਾਈਟ 'ਤੇ ਖੇਡਾਂ ਅਤੇ ਆਨਲਾਈਨ ਕਹਾਣੀਆਂ ਵਾਲੀਆਂ ਕਿਤਾਬਾਂ ਸਮੇਤ ਸਾਡੇ ਕੋਲ ਕਿਤਾਬਾਂ ਦਾ ਅਨੰਦ ਲੈਣ ਲਈ ਬਹੁਤ ਸਾਰੀਆਂ ਯੋਜਨਾਵਾਂ ਹਨ।



# ਕਿਤਾਬਾਂ ਚੁਣਨਾ

ਬੁੱਕ ਟਰੱਸਟ ਉਹਨਾਂ ਕਿਤਾਬਾਂ ਨੂੰ ਚੁਣਦਾ ਹੈ ਜੋ ਕਲਪਨਾਵਾਂ ਦੀਆਂ ਸਿਰਜਣਾ ਕਰਦੀਆਂ ਹਨ ਅਤੇ ਮਜ਼ੇਦਾਰ ਹੁੰਦੀਆਂ ਹਨ।

ਸ਼ਾਨਦਾਰ ਕਿਤਾਬ ਦੇ ਬਹੁਤ ਸਾਰੇ ਸੁਝਾਅ ਵੇਖਣ ਲਈ ਸਾਡੇ ਨਾਲ ਆਨਲਾਈਨ ਜੁੜੋ!


www.bookstart.org.uk/books



ਸਾਡੀ ਵੈਬਸਾਈਟ 'ਤੇ ਸਾਂਝੀਆਂ ਕਰਨ ਲਈ ਹੋਰ ਕਿਤਾਬਾਂ ਲੱਭਣ ਦਾ ਮਜ਼ਾ ਲਓ ਅਤੇ ਆਪਣੇ ਬੁੱਕਸਟਾਰਟ ਪੈਕ ਵਿੱਚ ਕਿਤਾਬ ਪੜ੍ਹਨ ਦਾ ਅਨੰਦ ਮਾਣੋ। ਇੱਕ ਕਿਤਾਬ ਨੂੰ ਵਾਰ-ਵਾਰ ਪੜ੍ਹਨਾ ਠੀਕ ਹੈ ਕਿਉਂਕਿ ਪਰੀਚਿਤ ਕਿਤਾਬਾਂ ਅਰਾਮਦੇਹ ਹੁੰਦੀਆਂ ਹਨ ਅਤੇ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ।

ਇੱਥੇ ਬਹੁਤ ਵਧੀਆ ਕਿਤਾਬਾਂ ਦੀ ਇੱਕ ਉਦਾਹਰਨ ਹੈ ਜੋ ਤੁਸੀਂ ਬੁੱਕਸਟਾਰਟ ਬੁੱਕ ਫਾਈਂਡਰ ‘ਤੇ ਵੇਖ ਸਕਦੇ ਹੋ!




## Elmer’s Friends

“ਮੇਰਾ ਮੁੰਡਾ ਜੋ ਕਿ 10 ਹਫ਼ਤੇ ਦਾ ਹੈ, ਨੂੰ ਇਹ ਕਹਾਣੀ ਬਹੁਤ ਪਸੰਦ ਹੈ। ਮੈਂ ਉਸ ਨੂੰ ਇਹ ਉਸ ਸਮੇਂ ਸੁਣਾਉਣੀ ਸ਼ੁਰੂ ਕੀਤੀ ਜਦੋਂ ਉਹ 5 ਹਫ਼ਤੇ ਦਾ ਸੀ, ਹਰ ਵਾਰ ਜਦੋਂ ਅਸੀਂ ਇਸ ਨੂੰ ਪੜ੍ਹਦੇ ਹਾਂ ਤਾਂ ਉਹ ਮੁਸਕਰਾਉਂਦਾ ਹੈ! ਉਹ ਚਮਕਦਾਰ ਰੰਗਾਂ ਦਾ ਅਤੇ ਜਾਨਵਰਾਂ ਦੀਆਂ ਆਵਾਜ਼ਾਂ ਦਾ ਅਨੰਦ ਮਾਣਦਾ ਹੈ ਜੋ ਮੈਂ ਅਤੇ ਮੇਰਾ ਪਤੀ ਕਿਤਾਬ ਨੂੰ ਪੜ੍ਹਦੇ ਸਮੇਂ ਕੱਢਦੇ ਹਾ।”

# ਹਰ ਰੋਜ਼ ਇੱਕਠੇ ਪੜ੍ਹੋ ਅਤੇ ਆਪਣੇ ਬੱਚੇ ਨੂੰ ਕਿਤਾਬਾਂ ਅਤੇ ਪੜ੍ਹਨ ਲਈ ਜੀਵਨ ਭਰ ਦਾ ਪਿਆਰ ਦਿਓ।



ਆਪਣੇ ਬੱਚੇ ਨਾਲ ਕਹਾਣੀਆਂ, ਕਿਤਾਬਾਂ ਅਤੇ ਕਵਿਤਾਂਵਾ ਸਾਂਝੀਆਂ ਕਰਨ ਦੇ ਜਾਦੂ ਬਾਰੇ ਹੋਰ ਜਾਣਨ ਲਈ booktrust.org.uk ‘ਤੇ ਜਾਓ

## ਪੜ੍ਹਨ ਦਾ ਅਨੰਦ ਲਓ!

ਬੁੱਕ ਟਰੱਸਟ ਇੱਕ ਚੈਰਿਟੀ ਹੈ ਜੋ ਪੜ੍ਹਨ ਦੇ ਪਿਆਰ ਨੂੰ ਪ੍ਰੇਰਿਤ ਕਰਨ ਦੁਆਰਾ ਜ਼ਿੰਦਗੀਆਂ ਨੂੰ ਬਦਲਣ ਲਈ ਕੰਮ ਕਰਦੀ ਹੈ। ਅਸੀਂ ਜਾਣਦੇ ਹਾਂ ਕਿ ਖੁਸ਼ੀ ਲਈ ਪੜ੍ਹਨਾ ਬੱਚਿਆਂ ਨੂੰ ਸਕੂਲ ਵਿਚ ਵਧੀਆ ਕੰਮ ਕਰਨ ਵਿਚ ਮਦਦ ਕਰਦਾ ਹੈ ਅਤੇ ਉਹਨਾਂ ਦੀ ਤੰਦਰੁਸਤੀ ਨੂੰ ਵਧਾਉਂਦਾ ਹੈ, ਇਸ ਲਈ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਹਰੇਕ ਬੱਚਾ ਕਹਾਣੀਆਂ ਅਤੇ ਕਿਤਾਬਾਂ ਦਾ ਆਨੰਦ ਮਾਣ ਸਕੇ, ਅਸੀਂ ਸਭ ਕੁਝ ਕਰਦੇ ਹਾਂ।

ਅਸੀਂ ਆਸ ਕਰਦੇ ਹਾਂ ਕਿ ਪੜ੍ਹਨਾ ਤੁਹਾਡੇ ਰੋਜ਼ਾਨਾ ਰੁਟੀਨ ਦਾ ਇੱਕ ਹਿੱਸਾ ਬਣ ਜਾਵੇਗਾ ਜਿਸ ਲਈ ਸਾਰਾ ਪਰਿਵਾਰ ਉਤਾਵਲਾ ਹੈ।

ਚੈਰਿਟੀ ਨੰਬਰ 313343

booktrust.org.uk

BookTrust
Inspire a love of reading